a2zpapers.com



Roll No. ..................

Total No. of Questions : 27]

[Total No. of Printed Pages : 8

**SS**

**2087**

**ਸਲਾਨਾ ਪਰੀਖਿਆ ਪ੍ਰਨਾਲੀ**

# POLITICAL SCIENCE

**(Punjabi, Hindi and English Versions)**

**(Evening Session)**

Time allowed : Three hours

Maximum marks : 90

**(Punjabi Version)**

**ਨੋਟ :** (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **031** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਪ੍ਰਸ਼ਨ-ਪੱਤਰ ਦੇ ਚਾਰ ਮੁੱਖ ਭਾਗ **ੳ, ਅ, ੲ, ਸ** ਹੋਣਗੇ ਇਹਨਾਂ ਵਿਚ ਪ੍ਰਸ਼ਨਾਂ ਦੀ ਕੁੱਲ ਗਿਣਤੀ 27 ਹੋਵੇਗੀ । **ਵਿਦਿਆਰਥੀ ਨੇ 25 ਪ੍ਰਸ਼ਨ ਕਰਨੇ ਹਨ ।**

(v) **ਭਾਗ–ੳ** ਵਿਚ ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ : ਇਸ ਭਾਗ ਵਿੱਚ ਪ੍ਰਸ਼ਨ 1 ਦੇ ਅੰਤਰਗਤ **ਦੱਸ** ਭਾਗ ਹਨ । ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ । ਉੱਤਰ ਇੱਕ ਅੱਖਰ, ਇੱਕ ਲਾਈਨ, ਖਾਲੀ ਥਾਂ ਜਾਂ ਠੀਕ/ਗਲਤ ਜਾਂ ਬਹੁ ਵਿਕਲਪੀ ਉੱਤਰ ਹੋ ਸਕਦਾ ਹੈ । 10×1=10

(vi) **ਭਾਗ–ਅ** ਵਿਚ ਛੋਟੇ ਉੱਤਰਾਂ ਵਾਲੇ ਪ੍ਰਸ਼ਨ : ਇਸ ਭਾਗ ਵਿੱਚ 12 ਪ੍ਰਸ਼ਨ ਹੋਣਗੇ (ਲੜੀ ਨੰ 2 to 13) ਹਰੇਕ ਪ੍ਰਸ਼ਨ 2 ਅੰਕਾਂ ਦਾ ਹੋਵੇਗਾ । ਹਰੇਕ ਪ੍ਰਸ਼ਨ ਦਾ ਉੱਤਰ 20-30 ਸ਼ਬਦਾਂ ਦਾ ਹੋ ਸਕਦਾ ਹੈ । **ਸਾਰੇ ਪ੍ਰਸ਼ਨ ਜ਼ਰੂਰੀ ਹਨ ।** 12×2=24

(vii) **ਭਾਗ–ੲ** ਛੋਟੇ ਉੱਤਰਾਂ ਵਾਲੇ ਪ੍ਰਸ਼ਨ : ਇਸ ਭਾਗ ਵਿਚ (14 ਤੋਂ 23) ਤਕ ਦਸ ਪ੍ਰਸ਼ਨ ਹੋਣਗੇ । ਹਰੇਕ ਪ੍ਰਸ਼ਨ 4 ਅੰਕਾਂ ਦਾ ਹੋਵੇਗਾ । ਵਿਦਿਆਰਥੀ ਨੇ ਕੋਈ 8 ਪ੍ਰਸ਼ਨ ਕਰਨੇ ਹਨ । ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿਚ ਹੋ ਸਕਦਾ ਹੈ । 8×4=32

(viii) **ਭਾਗ–ਸ** ਲੰਮੇ ਉੱਤਰਾਂ ਵਾਲੇ ਪ੍ਰਸ਼ਨ : ਇਸ ਭਾਗ ਅਧੀਨ 4 ਪ੍ਰਸ਼ਨ (24 ਤੋਂ 27) ਅੰਦਰੂਨੀ ਵਿਕਲਪ ਦੇ ਹੋਣਗੇ । ਹਰੇਕ ਪ੍ਰਸ਼ਨ 6 ਅੰਕਾਂ ਦਾ ਹੈ । ਵਿਦਿਆਰਥੀ ਨੇ 150-200 ਸ਼ਬਦਾਂ ਵਿਚ ਉੱਤਰ ਦੇਣਾ ਹੋਵੇਗਾ । 6×4=24

## ਭਾਗ–ੳ

**ਨੋਟ :** ਸਾਰੇ ਪ੍ਰਸ਼ਨ ਜ਼ਰੂਰੀ ਹਨ ।

1. (ੳ) ਰਾਜਨੀਤਿਕ ਪ੍ਰਣਾਲੀ ਦੀ ਕੋਈ ਇੱਕ ਪਰਿਭਾਸ਼ਾ ਲਿਖੋ । 1

(ਅ) ਰਾਜਨੀਤਿਕ ਸਮਾਜੀਕਰਨ ਦੇ ਕੋਈ ਦੋ ਸਾਧਨ ਲਿਖੋ । 1

(ੲ) ਚੋਣ ਮੰਡਲ ਕੀ ਹੁੰਦਾ ਹੈ ? 1

(ਸ) ਦੋ-ਦਲ ਪ੍ਰਣਾਲੀ ਤੋਂ ਤੁਹਾਡਾ ਕੀ ਭਾਵ ਹੈ ? 1

(ਹ) ਨੌਕਰਸ਼ਾਹੀ ਦਾ ਦੂਸਰਾ ਨਾਂ ................. ਹੈ । 1



www.a2zpapers.com www.a2zpapers.com www.a2zpapers.com
Download free old Question papers gndu, ptu hp board, punjab board

a2zpapers.com



(ਕ) ਭਾਰਤੀ ਸੰਵਿਧਾਨ ਦੀ ਕਿਸ ਅਨੁਸੂਚੀ ਦੁਆਰਾ ਪੰਚਾਇਤੀ ਰਾਜ ਦੀਆਂ ਸੰਸਥਾਵਾਂ ਨੂੰ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆ ਹਨ :

(i) 8ਵੀਂ ਅਨੁਸੂਚੀ (ii) 9ਵੀਂ ਅਨੁਸੂਚੀ

(iii) 10ਵੀਂ ਅਨੁਸੂਚੀ (iv) 11ਵੀਂ ਅਨੁਸੂਚੀ 1

(ਖ) ਮਤਦਾਤਾ ਸੂਚੀਆਂ ਤਿਆਰ ਕਰਦਾ ਹੈ

(i) ਚੋਣ ਕਮਿਸ਼ਨ (ii) ਸੰਸਦ

(iii) ਲੋਕ ਸਭਾ (iv) ਭਾਰਤ ਦਾ ਉਪ ਰਾਸ਼ਟਰਪਤੀ 1

(ਗ) ਭਾਰਤ ਸੰਯੁਕਤ ਰਾਸ਼ਟਰ ਦਾ ਕਿਹੜਾ ਮੈਂਬਰ ਹੈ :

(i) ਚੁਣਿਆ ਹੋਇਆ ਮੈਂਬਰ (ii) ਨਿਯੁਕਤ ਕੀਤਾ ਮੈਂਬਰ

(iii) ਮੌਲਿਕ ਮੈਂਬਰ (iv) ਨਾਮਜ਼ਦ ਮੈਂਬਰ 1

(ਘ) ਰਾਸ਼ਟਰੀ ਏਕੀਕਰਨ ਪਰਿਸ਼ਦ ਦੀ ਸਥਾਪਨਾ (1962) ਵਿੱਚ ਹੋਈ ਸੀ । (ਠੀਕ/ਗਲਤ) 1

(ਙ) ਗ੍ਰਾਮ ਪੰਚਾਇਤ ਵਿੱਚ ਔਰਤਾਂ ਲਈ ਸੀਟਾਂ ਦਾ ਰਾਖਵਾਂਕਰਨ ਨਹੀਂ ਹੈ । (ਠੀਕ/ਗਲਤ) 1

1×10=10

## ਭਾਗ–ਅ

**ਨੋਟ : ਸਾਰੇ ਪ੍ਰਸ਼ਨ ਜ਼ਰੂਰੀ ਹਨ ।**

2. 'ਰਾਜਨੀਤੀ ਵਿੱਚ ਮਨੁੱਖੀ ਸੁਭਾਅ' (Human Nature in Politics) ਨਾਂ ਕੀ ਪੁਸਤਕ ਕਿਸ ਵਿਦਵਾਨ ਨੇ ਲਿਖੀ । 2
3. ਤੁਲਨਾਤਮਕ ਰਾਜਨੀਤੀ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ । 2
4. ਕਾਰਲ ਮਾਰਕਸ ਦੇ ਧਰਮ ਸੰਬੰਧੀ ਵਿਚਾਰਾਂ ਬਾਰੇ ਦੱਸੋ । 2
5. ਬਹੁ-ਦਲ ਪ੍ਰਣਾਲੀ ਤੋਂ ਤੁਹਾਡਾ ਕੀ ਭਾਵ ਹੈ ? 2
6. ਪੇਸ਼ੇਵਰ ਪ੍ਰਤੀਨਿਧਤਾ ਤੋਂ ਤੁਹਾਡਾ ਕੀ ਭਾਵ ਹੈ ? 2
7. ਸਥਾਈ ਕਾਰਜਪਾਲਿਕਾ ਤੋਂ ਤੁਹਾਡਾ ਕੀ ਭਾਵ ਹੈ ? 2
8. ਭਾਰਤੀ ਸੰਸਦੀ ਪ੍ਰਣਾਲੀ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ । 2
9. ਅਨਪੜ੍ਹਤਾ ਦੇ ਭਾਰਤੀ ਲੋਕਤੰਤਰ ਤੇ ਕੋਈ ਦੋ ਪ੍ਰਭਾਵ ਲਿਖੋ । 2
10. ਪੰਚਾਇਤੀ ਰਾਜ ਦੇ ਦੋ ਮੁੱਖ ਉਦੇਸ਼ ਲਿਖੋ । 2
11. ਰਾਜਨੀਤੀ ਵਿੱਚ ਯੁਵਕ ਸ਼ਕਤੀ ਦੇ ਉਭਾਰ ਤੋਂ ਤੁਹਾਡਾ ਕੀ ਭਾਵ ਹੈ ? 2
12. ਜਨ-ਸਹਿਭਾਗਤਾ ਤੋਂ ਤੁਹਾਡਾ ਕੀ ਭਾਵ ਹੈ ? 2
13. ਸੰਯੁਕਤ ਰਾਸ਼ਟਰ ਦੇ 4 ਅੰਗਾਂ ਦੇ ਨਾਂ ਲਿਖੋ । 2

12×2=24

## ਭਾਗ–ੲ

*ਨੋਟ : ਕੋਈ 8 ਪ੍ਰਸ਼ਨ ਕਰਨੇ ਹਨ ।*

14. ਕਾਨੂੰਨ ਦੀ ਦਬਾਊਕਾਰੀ ਸ਼ਕਤੀ ਤੋਂ ਤੁਹਾਡਾ ਕੀ ਭਾਵ ਹੈ ? 4



www.a2zpapers.com www.a2zpapers.com
Download free old Question papers gndu, ptu hp board, punjab board

a2zpapers.com



15. ਨੌਕਰਸ਼ਾਹੀ ਦੇ ਸ਼ਬਦੀ ਅਰਥਾਂ ਦਾ ਵਰਨਣ ਕਰੋ । 4
16. ਬਾਲਗ ਮਤ ਅਧਿਕਾਰ (Adult Franchise) ਤੋਂ ਤੁਹਾਡਾ ਕੀ ਭਾਵ ਹੈ ? 4
17. ਗਾਂਧੀ ਜੀ ਰਾਜ ਨੂੰ ਆਤਮਹੀਣ ਯੰਤਰ ਕਿਉਂ ਮੰਨਦੇ ਸਨ ? 4
18. ਮਾਰਕਸਵਾਦ ਕੀ ਹੈ ? ਵਰਨਣ ਕਰੋ । 4
19. ਸਮੂਹਿਕ ਜ਼ਿੰਮੇਵਾਰੀ ਤੋਂ ਤੁਹਾਡਾ ਕੀ ਭਾਵ ਹੈ ? 4
20. ਭਾਰਤੀ ਲੋਕਤੰਤਰ ਦੀਆਂ ਕੋਈ ਚਾਰ ਸਮੱਸਿਆਵਾਂ ਦਾ ਵਰਨਣ ਕਰੋ । 4
21. ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਭਾਰਤੀ ਜਨਤਾ ਪਾਰਟੀ ਦੀ ਕੀ ਨੀਤੀ ਹੈ ? 4
22. ਭਾਰਤ ਵਿੱਚ ਘੱਟ ਜਨ ਸਹਿਭਾਗਤਾ ਦੇ ਚਾਰ ਕਾਰਨਾਂ ਦਾ ਵਰਨਣ ਕਰੋ । 4
23. ਵਿਦੇਸ਼ੀ ਨੀਤੀ ਤੋਂ ਤੁਹਾਡਾ ਕੀ ਭਾਵ ਹੈ ? 4

8×4=32

## ਭਾਗ–ਸ

**ਨੋਟ : ਸਾਰੇ ਪ੍ਰਸ਼ਨ ਜ਼ਰੂਰੀ ਹਨ ।**

24. ਰਾਜਨੀਤਿਕ ਪ੍ਰਣਾਲੀ ਦੀ ਪਰਿਭਾਸ਼ਾ ਲਿਖੋ ਅਤੇ ਆਲਮੰਡ ਅਨੁਸਾਰ ਰਾਜਨੀਤਿਕ ਪ੍ਰਣਾਲੀ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ । 2+4=6

ਜਾਂ

ਸੱਤਿਆਗ੍ਰਹਿ ਤੋਂ ਕੀ ਭਾਵ ਹੈ ? ਗਾਂਧੀ ਜੀ ਦੇ ਸੱਤਿਆਗ੍ਰਹਿ ਦੀਆਂ ਕੋਈ 4 ਵਿਧੀਆਂ ਦਾ ਵਰਨਣ ਕਰੋ । 2+4=6

25. ਪੁਰਾਤਨ ਉਦਾਰਵਾਦ ਅਤੇ ਸਮਕਾਲੀ ਉਦਾਰਵਾਦ ਵਿੱਚ ਕੋਈ 6 ਅੰਤਰਾਂ ਦਾ ਵਰਨਣ ਕਰੋ । 6

ਜਾਂ

ਨੌਕਰਸ਼ਾਹੀ ਦੀ ਪਰਿਭਾਸ਼ਾ ਦਿਉ ਅਤੇ ਇਸਦੀਆਂ ਕੋਈ 4 ਵਿਸ਼ੇਸ਼ਤਾਵਾਂ ਦਾ ਵਰਨਣ ਕਰੋ । 2+4=6

26. ਭਾਰਤੀ ਲੋਕਤੰਤਰ ਵਿੱਚ ਅਨੇਕਾਂ ਦੋਸ਼ ਹਨ । ਕੋਈ 6 ਦੋਸ਼ਾਂ ਦਾ ਵਰਨਣ ਕਰੋ । 6

ਜਾਂ

ਨਵੀਂ ਪੰਚਾਇਤੀ ਰਾਜ ਪ੍ਰਣਾਲੀ ਸੰਬੰਧੀ 73ਵੀਂ ਸੰਵਿਧਾਨਕ ਸੋਧ ਦੁਆਰਾ ਭਾਰਤੀ ਸੰਵਿਧਾਨ ਵਿੱਚ ਕੀਤੀਆਂ ਗਈਆਂ ਕੋਈ 6 ਵਿਸ਼ੇਸ਼ਤਾਵਾਂ ਦਾ ਵਰਨਣ ਕਰੋ । 6

27. ਮਤਦਾਨ ਵਿਹਾਰ ਤੋਂ ਕੀ ਭਾਵ ਹੈ ? ਮਤਦਾਨ ਵਿਹਾਰ ਨੂੰ ਪ੍ਰਭਾਵਿਤ ਜਾਂ ਨਿਸ਼ਚਤ ਕਰਨ ਵਾਲੇ ਕੋਈ 4 ਤੱਤਾਂ ਦਾ ਵਰਨਣ ਕਰੋ । 2+4=6

ਜਾਂ

ਰਾਸ਼ਟਰੀ ਏਕੀਕਰਨ ਤੋਂ ਕੀ ਭਾਵ ਹੈ ? ਭਾਰਤ ਵਿੱਚ ਰਾਸ਼ਟਰੀ ਏਕੀਕਰਨ ਦੇ ਰਸਤੇ ਵਿੱਚ ਆਉਣ ਵਾਲੀਆਂ ਕੋਈ 4 ਰੁਕਾਵਟਾਂ ਦਾ ਵਰਨਣ ਕਰੋ । 2+4=6

4×6=24

www.a2zpapers.com www.a2zpapers.com
Download free old Question papers gndu, ptu hp board, punjab board